# ਹਾਊਸਪ੍ਰਾਊਡ ਪੁਸਤਿਕਾ ਕਾੱਪੀ

## ਹਾਊਸਪ੍ਰਾਊਡ ਸੁਆਗਤ ਕਰਦਾ ਹੈ

ਜੇ ਤੁਹਾਨੂੰ, ਆਪਣੇ ਘਰ 'ਚ ਮੁਰੰਮਤ, ਸੁਧਾਰ ਜਾਂ ਤਬਦੀਲੀਆਂ ਦਾ ਕੰਮ ਕਰਨ ਦੀ ਲੋੜ ਹੈ, ਤਾਂ ਹਾਊਸਪ੍ਰਾਊਡ ਮਦਦ ਕਰ ਸਕਦਾ ਹੈ।

ਅਸੀਂ ਜਾਣਦੇ ਹਾਂ ਕਿ ਉਸਾਰੀ ਦਾ ਕੰਮ ਕਰਾਉਣ ਬਾਰੇ ਸੋਚਣਾ ਹੀ ਕਾਫ਼ੀ ਫ਼ਿਕਰ 'ਚ ਪਾਉਣ ਵਾਲੀ ਗੱਲ ਹੈ। ਨਵੇਂ ਨਵੇਂ ਬਿਲਡਰਾਂ ਦੇ ਖ਼ਤਰਿਆਂ ਅਤੇ ਇਸ ਕੰਮ ਲਈ ਭੁਗਤਾਨ ਕਿਵੇਂ ਕੀਤਾ ਜਾਵੇ, ਚਿੰਤਾਵਾਂ ਦੇ ਬਾਵਜੂਦ ਵੀ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਕਈ ਲੋਕਾਂ ਨੇ ਇਸ ਵਿਚਾਰ ਨੂੰ ਮੁਢੋਂ ਹੀ ਤਿਆਗ ਦਿਤਾ ਹੈ।

ਹਾਊਸਪ੍ਰਾਊਡ, ਉਹਨਾਂ ਜ਼ਰੂਰੀ ਕੰਮਾ ਨੂੰ ਪੇਸ਼ੇਵਰ ਤਰੀਕੇ ਅਤੇ ਘੱਟ ਤੋਂ ਘੱਟ ਪਰੇਸ਼ਾਨੀ ਨਾਲ ਕੀਤੇ ਜਾਣ ਲਈ ਇਕ ਸੁਰਖਿਅਤ ਅਤੇ ਅਸਾਨ ਤਰੀਕੇ ਦੀ ਪੇਸ਼ਕਸ਼ ਕਰਦਾ ਹੈ ਅਤੇ ਜੇ ਇਸ ਦੇ ਭੁਗਤਾਨ ਲਈ ਰਕਮਾਂ ਦੀ ਮੁਸ਼ਕਿਲ ਹੈ, ਤਾਂ ਹਾਊਸਪ੍ਰਾਊਡ ਇਸ ਵਿਚ ਵੀ ਮਦਦ ਕਰ ਸਕਦਾ ਹੈ।

ਹਾਊਸਪ੍ਰਾਊਡ ਰਾਹੀਂ, ਕਈ ਤਰ੍ਹਾਂ ਦੇ ਕਰਜ਼ੇ ਉਪਲਬਧ ਹਨ। ਇਹ ਸਿਰਫ਼ ਪ੍ਰੱਜਤਯੋਗ ਅਤੇ ਬਜ਼ੁਰਗਾਂ ਅਤੇ ਅਪਾਹਜ ਵਿਅਕਤੀ ਦੀਆਂ ਲੋੜਾਂ ਅਨੁਸਾਰ ਹੀ ਨਹੀਂ ਬਣਾਏ ਗਏ, ਸਗੋਂ ਇਹਨਾਂ ਕਰਜ਼ਿਆਂ ਹੇਠ ਕਿਸੇ ਵੀ ਹਾਲਤ ਵਿਚ — ਮੁੜ ਕਬਜ਼ਾ ਨਾ ਕੀਤੇ ਜਾਣ ਦੀ ਗਰੰਟੀ ਵੀ ਸ਼ਾਮਿਲ ਹੈ।

ਹਾਊਸਪ੍ਰਾਊਡ ਨੂੰ ਤੁਹਾਡੀ ਕੌਂਸਲ ਦੀ ਅਗਵਾਈ ਹੇਠ 'ਲਾਭ ਲਈ ਨਹੀਂ' ਸੰਸਥਾਵਾਂ ਦੇ ਇਕ ਸਮੂਹ ਵਲੋਂ ਚਲਾਇਆ ਜਾ ਰਿਹਾ ਹੈ। ਉਹਨਾਂ ਦਾ ਇਕੋ ਇਕ ਉਦੇਸ਼ 60 ਸਾਲ ਜਾਂ ਉਸ ਤੋਂ ਵਧ ਉਮਰ ਦੇ ਮਕਾਨ ਮਾਲਿਕਾਂ ਜਾਂ ਕਿਸੇ ਵੀ ਉਮਰ ਦੇ ਅਪਾਹਜ ਵਿਅਕਤੀ ਦੇ ਘਰਾਂ ਲਈ, ਉਹਨਾਂ ਨੂੰ ਆਪਣੇ ਘਰਾਂ ਦੀ ਮੁਰੰਮਤ, ਸੁਧਾਰ ਜਾ ਤਬਦੀਲੀਆਂ ਕਰਨ ਵਿਚ ਮਦਦ ਕਰਨਾ ਹੈ, ਤਾਕਿ ਉਹ ਰਹਿਣ ਦੀ ਖੁਸ਼ੀ ਮਾਣਨਾ ਜਾਰੀ ਰਖ ਸਕਣ।

## ਹਾਊਸਪ੍ਰਾਊਡ ਕਿਵੇਂ ਕੰਮ ਕਰਦਾ ਹੈ?

ਹਾਊਸਪ੍ਰਾਊਡ ਸ਼ੁਰੂ ਤੋਂ ਆਖ਼ਿਰ ਤੱਕ ਦੀ ਇਕ ਵਿਆਪਕ ਘਰ ਸੁਧਾਰ ਸੇਵਾ ਦੀ, ਇਕ ਭਰੋਸੇਯੋਗ ਵਿਅਕਤੀਗਤ ਭਾਵਨਾ ਨਾਲ ਪੇਸ਼ਕਸ਼ ਕਰਦਾ ਹੈ। ਤੁਹਾਨੂੰ ਤੁਹਾਡਾ ਆਪਣਾ ਹਾਊਸਪ੍ਰਾਊਡ ਸਲਾਹਕਾਰ ਦਿਤਾ ਗਿਆ ਹੈ, ਉਹ ਤੁਹਾਡੇ ਨਾਲ ਕਿਸ ਤਰ੍ਹਾਂ ਦੇ ਸੁਧਾਰ, ਮੁਰੰਮਤ ਜਾਂ ਤਬਦੀਲੀਆਂ ਦੀ ਲੋੜ ਹੈ, ਬਾਰੇ ਵਿਚਾਰ ਕਰਨਗੇ। ਉਹ ਇਸ ਗੱਲ ਦੀ ਵੀ ਜਾਂਚ ਕਰਨਗੇ ਕਿ ਕੀ ਤੁਸੀਂ ਇਸ ਜਾਂ ਕਿਸੇ ਹੋਰ ਸਕੀਮ ਹੇਠ ਮਦਦ ਦੇ ਹੱਕਦਾਰ ਹੋ।

ਕੌਂਸਲ, ਸਲਾਹਕਾਰ ਨੂੰ ਕੀ ਕਰਨ ਦੀ ਲੋੜ ਹੋ ਸਕਦੀ ਹੈ ਅਤੇ ਇਸ 'ਤੇ ਕਿੰਨਾ ਖਰਚ ਆਉਣ ਦੀ ਸੰਭਾਵਨਾ ਹੈ, ਦਾ ਮੁਲਾਂਕਣ ਕਰਨ ਲਈ ਤੁਹਾਡੇ ਘਰ ਆਉਣ ਦਾ ਪ੍ਰਬੰਧ ਕਰੇਗੀ। ਇਕ ਵਾਰੀ ਇਸ

ਗੱਲ ਬਾਰੇ ਸਹਿਮਤੀ ਹੋਣ 'ਤੇ ਕਿ ਤੁਸੀਂ ਇਸ ਕੰਮ ਲਈ ਭੁਗਤਾਨ ਕਿਵੇਂ ਕਰੋਗੇ, ਕੌਂਸਲ ਇਕ ਚੰਗੀ ਕੁਆਲਿਟੀ ਵਾਲੇ ਬਿਲਡਰ ਦਾ ਬੰਦੋਬਸਤ ਕਰੇਗੀ ਅਤੇ ਕੰਮ ਸ਼ੁਰੂ ਹੋ ਸਕਦਾ ਹੈ। ਕੌਂਸਲ ਇਹ ਯਕੀਨੀ ਬਣਾਉਣ ਲਈ ਕਿ ਕੰਮ ਤਸੱਲੀਬਖ਼ਸ਼ ਕੀਤਾ ਗਿਆ ਹੈ, ਪੂਰੇ ਹੋਏ ਕੰਮ ਦੇ ਮੁਆਇਨੇ ਦਾ ਵੀ ਪ੍ਰਬੰਧ ਕਰੇਗੀ।

## ਮੈਂ ਇਕ ਕੰਮ ਲਈ ਭੁਗਤਾਨ ਕਿਵੇਂ ਕਰ ਸਕਦਾ ਹਾਂ?

ਹਾਊਸਪ੍ਰਾਊਡ, ਉਹਨਾਂ ਕਰਜ਼ਿਆਂ ਤਕ ਪਹੁੰਚ ਪ੍ਰਦਾਨ ਕਰਦਾ ਹੈ, ਜੋ ਪ੍ਰੱਜਤਯੋਗ ਅਤੇ ਖ਼ਤਰੇ ਰਹਿਤ ਹਨ, ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਕਾਇਮ ਕੀਤੇ ਗਏ ਹਨ।

ਹਾਊਸਪ੍ਰਾਊਡ ਨਾਲ ਤੁਹਾਡੇ ਘਰ ਦੀ ਕੀਮਤ ਦਾ ਇਕ ਹਿੱਸਾ, ਤੁਹਾਡੇ ਕੰਮ ਦੇ ਭੁਗਤਾਨ ਨੂੰ ਪੂਰਾ ਕਰਨ ਲਈ ਕਰਜ਼ੇ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਤੁਹਾਡੇ ਲਈ ਕਿਸ ਕਿਸਮ ਦਾ ਕਰਜ਼ ਬਿਹਤਰੀਨ ਹੈ, ਬਾਰੇ ਫ਼ੈਸਲਾ ਕਰਨ ਲਗਿਆਂ, ਤੁਹਾਡੇ ਵਿਅਕਤੀਗਤ ਹਾਲਾਤ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਕੁਝ ਮਾਮਲਿਆਂ ਵਿੱਚ ਇਹਨਾਂ ਨੂੰ ਤੁਹਾਡੇ ਆਪਣੇ ਖ਼ੁਦ ਦੇ ਜੀਵਨ ਕਾਲ ਦੌਰਾਨ ਵਾਪਿਸ ਕਰਨ ਦੀ ਵੀ ਲੋੜ ਨਹੀਂ ਹੁੰਦੀ। ਇਸਦੀ ਥਾਂ ਤੁਹਾਡੇ ਵਲੋਂ ਲਏ ਗਏ ਕਰਜ਼ੇ ਦੀ ਰਕਮ ਅਤੇ ਵਿਆਜ, ਜਦੋਂ ਤੁਹਾਡਾ ਘਰ ਆਖ਼ਿਰਕਾਰ ਵੇਚਿਆ ਜਾਂਦਾ ਹੈ, ਤਾਂ ਤੁਹਾਡੇ ਘਰ ਦੀ ਕੀਮਤ 'ਚੋਂ ਲਿਆ ਜਾਂਦਾ ਹੈ।

ਇਕ ਵਾਰੀ ਤੁਹਾਡੇ ਵਲੋਂ ਇਹ ਜਾਣਨ 'ਤੇ ਕਿ ਤੁਹਾਨੂੰ ਕਿੰਨੀ ਰਕਮ ਦਾ ਕਰਜ਼ਾ ਚਾਹੀਦਾ ਹੈ, ਅਸੀਂ ਤੁਹਾਡੇ ਲਈ ਕਰਜ਼ਾ ਲੈਣ ਵਾਸਤੇ ਸਾਰੇ ਪ੍ਰਬੰਧ ਕਰਾਂਗੇ।

## ਕੀ ਹੋਏਗਾ, ਜੇ ਮੈਨੂੰ ਕਰਜ਼ਾ ਨਹੀਂ ਚਾਹੀਦਾ?

ਕੋਈ ਗੱਲ ਨਹੀਂ, ਜੇ ਤੁਸੀਂ ਇਸ ਕੰਮ ਲਈ ਰਕਮਾਂ ਆਪਣੀਆਂ ਖ਼ੁਦ ਦੀਆ ਬਚਤਾਂ 'ਚੋਂ ਕੱਢਣ ਨੂੰ ਤਰਜੀਹ ਦਿੰਦੇ ਹੋ ਜਾਂ ਕਿਤਿਓਂ ਹੋਰ ਥਾਂ ਤੋਂ ਰਕਮ ਹਾਸਿਲ ਕਰ ਸਕਦੇ ਹੋ, ਤਾਂ ਵੀ ਤੁਸੀਂ ਹਾਊਸਪ੍ਰਾਊਡ ਦੀ ਕਰਜ਼ੇ ਤੋਂ ਬਿਨਾ ਦੇ ਵਿਕਲਪ ਵਾਲੀ ਸੇਵਾ ਦੀ ਵਰਤੋਂ ਕਰ ਸਕਦੇ ਹੋ।

## ਕਿਸ ਤਰ੍ਹਾਂ ਦੇ ਕਰਜ਼ੇ ਉਪਲਬਧ ਹਨ?

ਤੁਹਾਡੇ ਲਈ ਕਰਜ਼ੇ ਦੇ ਤਿੰਨ ਮੁਖ ਵਿਕਲਪ ਹਨ :

- ਮੂਲ ਧੰਨ ਜਾਰੀ ਕਰਨ ਸਬੰਧੀ ਕਰਜ਼ਾ
- ਸਿਰਫ਼ ਵਿਆਜ ਵਾਲਾ ਕਰਜ਼ਾ
- ਮੂਲ ਧੰਨ ਅਤੇ ਵਿਆਜ ਭੁਗਤਾਨ ਕਰਜ਼ਾ

## ਮੂਲ ਧੰਨ ਜਾਰੀ ਕਰਨ ਸਬੰਧੀ ਕਰਜ਼ਾ :

ਤੁਹਾਨੂੰ ਇਸ ਤਰ੍ਹਾਂ ਦੇ ਕਰਜ਼ੇ ਵਿਚ ਕੋਈ ਬਕਾਇਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ।

ਇਸ ਕਰਜ਼ੇ ਦਾ ਸਿਰਫ਼ ਉਦੋਂ ਹੀ ਭੁਗਤਾਨ ਕਰਨ ਦੀ ਲੋੜ ਹੈ, ਜਦੋਂ ਤੁਹਾਡਾ ਘਰ, ਤੁਹਾਡਾ ਮੁਖ ਘਰ ਨਹੀਂ ਹੈ ਅਤੇ ਵੇਚਿਆ ਜਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਤੁਹਾਡੀ ਮੌਤ ਮਗਰੋਂ, ਜਦੋਂ ਇਹ ਮਲਕੀਅਤ ਵੇਚੀ ਜਾਂਦੀ ਹੈ, ਤਾਂ ਬੈਂਕ ਜਾ ਬਿਲਡਿੰਗ ਸੁਸਾਇਟੀ ਵਿਕਰੀ ਦੀ ਰਕਮ ਚੋਂ ਕਰਜ਼ੇ ਦੀ ਮੂਲ ਰਕਮ (ਮੂਲ ਧੰਨ), ਅਤੇ ਉਦੋਂ ਤਕ ਇਕੱਠਾ ਹੋਇਆ ਸਾਰਾ ਵਿਆਜ ਲਏਗੀ। ਬਾਕੀ ਜੋ ਬਚੇਗਾ, ਉਹ ਉਸ ਵਕਫ਼ੇ ਦੌਰਾਨ, ਤੁਹਾਡੇ ਘਰ ਦੀ ਬਦਲੀ ਹੋਈ ਕੀਮਤ 'ਤੇ ਨਿਰਭਰ ਕਰੇਗਾ।

ਫਿਰ ਵੀ, ਤੁਸੀਂ ਜੇ ਚਾਹੁੰਦੇ ਹੋ, ਤਾਂ ਪਹਿਲਾ ਭੁਗਤਾਨ ਸ਼ੁਰੂ ਕਰ ਸਕਦੇ ਹੋ - ਪਹਿਲਾਂ ਵਿਆਜ ਅਤੇ ਫਿਰ ਕਰਜ਼ਾ। ਤੁਹਾਡੇ ਕੋਲ ਪੂਰਾ ਕਰਜ਼ਾ ਤੇ ਕੋਈ ਵੀ ਬਕਾਇਆ ਵਿਆਜ ਵਾਪਿਸ ਕਰਨ ਦਾ ਵਿਕਲਪ ਵੀ ਹੈ।

ਪਹਿਲਾ ਭੁਗਤਾਨ ਕਰਨ 'ਤੇ ਕੋਈ ਜੁਰਮਾਨਾ ਨਹੀਂ ਹੈ, ਸਿਰਫ਼ ਪਹਿਲੇ ਸਾਲ ਵਿੱਚ ਤੁਹਾਨੂੰ ਦੋ ਮਹੀਨੇ ਤੱਕ ਦਾ ਵਿਆਜ ਦੇਣਾ ਪੈ ਸਕਦਾ ਹੈ।

ਇਹ ਕਰਜ਼ਾ ਆਮ ਤੌਰ 'ਤੇ ਸਿਰਫ਼ ਇਕਲੇ ਵਿਅਕਤੀ ਜਾਂ ਪਤੀ ਪਤਨੀ ਵਲੋਂ ਇਕ ਸਾਂਝੀ ਅਰਜ਼ੀ ਦਿੱਤੀ ਜਾਣੀ ਲਾਜਮੀ ਹੈ।

ਇਸ ਗੱਲ ਦਾ ਪਤਾ ਲਾਓ ਕਿ ਮੱਟਰਗੇਜ ਦੀ ਇਹ ਕਾਰਵਾਈ, ਜੇ ਤਸੀਂ ਆਪਣੇ ਘਰ ਨੂੰ ਬਦਲਣਾ ਜਾਂ ਵੇਚਣਾ ਚਾਹੁੰਦੇ ਹੋ ਜਾਂ ਪਰਿਵਾਰ ਨੂੰ ਵਿਰਾਸਤ 'ਚ ਦੇਣਾ ਚਾਹੁੰਦੇ ਹੋ, ਤੁਹਾਡੀਆਂ ਲੋੜਾਂ ਪੂਰੀਆਂ ਕਰੇਗੀ। ਜੇ ਤੁਹਾਨੂੰ ਸ਼ੰਕਾ ਹੋਵੇ, ਤਾਂ ਸੁਤੰਤਰ ਸਲਾਹ ਲਓ।

### ਸਿਰਫ਼ ਵਿਆਜ ਵਾਲਾ ਕਰਜ਼ਾ

ਇਸ ਕਰਜ਼ੇ 'ਤੇ ਹਰ ਮਹੀਨੇ ਸਿਰਫ਼ ਵਿਆਜ ਅਦਾ ਕਰਨਾ ਪੈਂਦਾ ਹੈ। ਤੁਸੀਂ ਜਾਇਦਾਦਾਂ ਵੇਚੇ ਜਾਣ ਤੱਕ ਵਿਆਜ ਦੇਣਾ ਜਾਰੀ ਰਖ ਸਕਦੇ ਹੋ। ਜਿਹੜੀ ਅਸਲ ਰਕਮ (ਮੂਲ ਧੰਨ) ਤੁਸੀਂ ਲਈ ਹੈ, ਉਹ ਘੱਟ ਨਹੀਂ ਹੋਏਗੀ ਅਤੇ ਜਦੋਂ ਤੁਹਾਡਾ ਮੁਖ ਘਰ ਤੁਹਾਡਾ ਨਹੀਂ ਰਹੇਗਾ ਅਤੇ ਵੇਚਿਆ ਜਾਏਗਾ, ਤਾਂ ਤੁਹਾਨੂੰ ਮੂਲ ਧੰਨ ਵਾਪਿਸ ਕਰਨਾ ਹੋਏਗਾ।

ਜਦੋਂ ਜਾਇਦਾਦ ਵੇਚੀ ਜਾਂਦੀ ਹੈ, ਤਾਂ ਬੈਂਕ ਜਾਂ ਬਿਲਡਿੰਗ ਸੁਸਾਇਟੀ ਕਰਜ਼ੇ ਦੀ ਮੂਲ ਰਕਮ ਅਤੇ, ਕਿਸੇ ਬਕਾਇਆ ਵਿਆਜ ਦੀ ਰਕਮ ਕਰਜ਼ੇ ਦੇ ਭੁਗਤਾਨ ਲਈ ਵਿਕਰੀ ਰਕਮ 'ਚੋਂ ਲਏਗੀ।

ਤੁਸੀਂ ਕਰਜ਼ੇ ਦੇ ਤੌਰ 'ਤੇ ਲਈ ਰਕਮ ਜਦੋਂ ਵੀ ਤੁਸੀਂ ਚਾਹੋ ਵਾਪਿਸ ਮੋੜਨਾ ਸ਼ੁਰੂ ਕਰ ਸਕਦੇ ਹੋ। ਤੁਹਾਨੂੰ ਜਦ ਤੱਕ ਕਿ ਤੁਸੀਂ ਕਰਜ਼ਾ ਵਾਪਿਸ ਨਹੀਂ ਕਰ ਦਿੰਦੇ, ਤੁਹਾਡੇ ਵਲੋਂ ਹਾਲੀਂ ਦਿਤੀ ਜਾਣ ਵਾਲੀ ਰਕਮ 'ਤੇ ਵਿਆਜ ਦੇਣਾ ਪਏਗਾ।

ਤੁਸੀਂ ਕਿਸੇ ਵੀ ਸਮੇਂ ਸਮੁੱਚੇ ਕਰਜ਼ੇ ਅਤੇ ਵਿਆਜ ਦੀ ਬਿਨਾ ਵਾਧੂ ਲਾਗਤ ਦਿੱਤਿਆਂ ਭੁਗਤਾਨ ਕਰ ਸਕਦੇ ਹੋ, ਸਿਰਫ਼ ਪਹਿਲੇ ਸਾਲ ਵਿਚ ਕੁਝ ਬੈਂਕ ਜਾਂ ਬਿਲਡਿੰਗ ਸੁਸਾਇਟੀਆਂ ਤੁਹਾਡੇ ਤੋਂ ਦੋ ਮਹੀਨੇ ਤੱਕ ਦਾ ਵਿਆਜ ਲੈ ਸਕਦੀਆਂ ਹਨ।

ਇਹ ਵਿਕਲਪ 60 ਸਾਲ ਜਾਂ ਇਸਤੋਂ ਵੱਧ ਉਮਰ ਦੇ ਇਕੱਲੇ ਵਿਅਕਤੀਆਂ ਜਾਂ ਪਤੀ ਪਤਨੀ ਜਾਂ ਕਿਸੇ ਵੀ ਉਮਰ ਦੇ ਅਪਾਹਜ ਵਿਅਕਤੀ ਵਾਲੇ ਘਰਾਂ ਲਈ ਉਪਲਬੱਧ ਹੈ।

## ਮੂਲ ਧੰਨ ਅਤੇ ਵਿਆਜ ਅਦਾ ਕਰਨਾ

ਇਹ ਇਕ ਸਿੱਧੀ ਸਪਸ਼ਟ ਮੱਟਰਗੇਜ ਹੈ। ਤੁਹਾਡੇ ਮਹੀਨੇ ਦੇ ਭੁਗਤਾਨ ਵਿਚ ਵਿਆਜ ਅਤੇ ਤੁਹਾਡੇ ਵਲੋਂ ਕਰਜ਼ (ਮੂਲਧੰਨ) ਵਜੋਂ ਲਈ ਗਈ ਮੂਲ ਰਕਮ ਦਾ ਹਿੱਸਾ ਸ਼ਾਮਿਲ ਹੈ।

ਤੁਸੀਂ ਰਕਮ ਦੇਣ ਵਾਲੇ ਤੋਂ ਰਕਮ ਲੈਣ ਲਈ ਸਮੇਂ ਦੀ ਮਿਆਦ ਬਾਰੇ ਸਹਿਮਤ ਹੁੰਦੇ ਹੋ। ਮਿਆਦ ਜਿੰਨੀ ਛੋਟੀ ਹੋਏਗੀ, ਤੁਹਾਡਾ ਮਹੀਨੇ ਦਾ ਭੁਗਤਾਨ ਓਨਾ ਹੀ ਵੱਧ ਹੋਏਗਾ, ਪਰ ਇਸ 'ਚ ਕੋਈ ਸ਼ੱਕ ਨਹੀਂ ਕਿ ਇਹ ਛੇਤੀ ਵਾਪਿਸ ਮੋੜਿਆ ਜਾਏਗਾ।

ਇਹ ਵਿਕਲਪ 60 ਸਾਲ ਜਾਂ ਇਸਤੋਂ ਵੱਧ ਉਮਰ ਦੇ ਇਕੱਲੇ ਵਿਅਕਤੀਆਂ ਜਾਂ ਪਤੀ ਪਤਨੀ ਜਾਂ ਕਿਸੇ ਵੀ ਉਮਰ ਦੇ ਅਪਾਹਜ ਵਿਅਕਤੀ ਵਾਲੇ ਘਰਾਂ ਲਈ ਉਪਲਬੱਧ ਹੈ।

### ਐਡਵਾਂਸ ਲਈ ਗਈ ਰਕਮ 'ਤੇ ਵਿਆਜ ਦੀ ਦਰ ਕੀ ਲਗੇਗੀ?

ਮੱਟਰਗੇਜ ਵਿਆਜ ਦਰ ਸਮੇਂ ਸਮੇਂ 'ਤੇ ਬਦਲਦੀ ਰਹੇਗੀ।ਰਸਮੀ ਪੇਸ਼ਕਸ਼ 'ਚ ਜਦੋਂ ਤੁਸੀਂ ਐਡਵਾਂਸ ਰਕਮ ਲੈਂਦੇ ਹੋ, ਇਸ 'ਤੇ ਲੱਗਣ ਵਾਲੀ ਅਸਲ ਦਰ ਦੀ ਪੁਸ਼ਟੀ ਕੀਤੀ ਜਾਏਗੀ। ਤੁਹਾਨੂੰ ਵਿਆਜ ਦਰ ਬਦਲਣ 'ਤੇ ਸੂਚਿਤ ਕੀਤਾ ਜਾਏਗਾ।

### ਮੈਂ ਇਸਦਾ ਫ਼ੈਸਲਾ ਕਿਵੇਂ ਕਰਾ ਕਿ ਕਿਹੜਾ ਕਰਜ਼ਾ ਮੇਰੇ ਲਈ ਬਿਹਤਰ ਹੋਏਗਾ?

ਅਸੀਂ ਕਿਉਂਕਿ ਚਾਹੁੰਦੇ ਹਾਂ ਕਿ ਤੁਸੀਂ ਸਹੀ ਚੋਣ ਕਰੋ, ਹਾਊਸਪ੍ਰਾਊਡ ਤੁਹਾਨੂੰ ਬਿਨਾ ਕਿਸੇ ਖ਼ਰਚ ਦੇ ਸੁਤੰਤਰ ਮਾਲੀ ਸਲਾਹਕਾਰ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ। ਉਹਨਾਂ ਦੀ ਲਿਖਤੀ ਰਿਪੋਰਟ ਤੁਹਾਡੇ ਲਈ ਬਿਹਤਰੀਨ ਮਾਲੀ ਵਿਕਲਪ ਬਾਰੇ ਸਿਫ਼ਾਰਸ ਕਰੇਗੀ।

ਅਸੀਂ ਤੁਹਾਨੂੰ ਜ਼ੋਰ ਦੇਕੇ ਕਹਿਣਾ ਚਾਹਾਂਗੇ ਕਿ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ ਅਤੇ ਜੇ ਲੋੜ ਹੋਏ, ਤੁਹਾਡੇ ਆਪਣੇ ਕਾਨੂੰਨੀ ਸਲਾਹਕਾਰ ਨਾਲ ਉਪਲਬਧ ਵਿਕਲਪਾਂ ਬਾਰੇ ਵਿਚਾਰ ਕਰੋ।

### ਮੈਂ ਹੋਰਨਾ, ਸਕੀਮਾ ਬਾਰੇ ਕੁੱਝ ਚਿੰਤਾਜਨਕ ਖਬਰਾਂ ਸੁਣੀਆਂ ਹਨ। ਮੈਨੂੰ ਇਸ ਬਾਰੇ ਕਿਵੇਂ ਯਕੀਨ ਕਰ ਸਕਦਾ ਹਾਂ?

ਹਾਊਸਪ੍ਰਾਊਡ ਤੁਹਾਡੀ ਸਥਾਨਕ ਕੌਂਸਲ ਅਤੇ ਇਸਦੇ ਭਾਈਵਾਲਾਂ ਵਲੋਂ ਚਲਾਈ ਜਾ ਰਹੀ ਹੈ, ਜਿਹਨਾਂ ਦਾ ਮੁਖ ਉਦੇਸ਼, ਤੁਹਾਨੂੰ ਤੁਹਾਡੇ ਘਰ ਵਿਚ ਸੁਰਖਿਅਤ ਅਤੇ ਖ਼ੁਦਮਖ਼ਤਾਰੀ ਨਾਲ ਰਹਿਣ ਜਾਰੀ ਰਖਣ ਦੇ ਸਮਰੱਥ ਕਰਨਾ ਹੈ।

### ਕੀ ਮੇਰੇ ਤੋ ਘਰ ਲਏ ਜਾਣ ਦਾ ਖ਼ਤਰਾ ਹੈ?

ਹਾਊਸਪ੍ਰਾਊਡ ਨਾਲ ਤੁਹਾਡੇ ਘਰ ਨੂੰ ਕੋਈ ਖ਼ਤਰਾ ਨਹੀਂ ਹੈ। ਸਾਰੇ ਕਰਜ਼ਿਆ 'ਚ ਇਸ ਗੱਲ ਦੀ ਪੂਰੀ ਗਰੰਟੀ ਦਿੱਤੀ ਗਈ ਹੈ ਕਿ ਤੁਹਾਡੇ ਘਰ 'ਤੇ ਜਦ ਤਕ ਕਿ ਤੁਸੀਂ ਇਸ 'ਚ ਰਹਿ ਰਹੇ ਹੋ ਕਬਜ਼ਾ ਨਹੀਂ ਕੀਤਾ ਜਾਏਗਾ।

### ਮੈਨੂੰ ਕਿੰਨਾ ਕਰਜ਼ਾ ਮਿਲ ਸਕਦਾ ਹੈ?

ਤੁਸੀਂ ਕਿੰਨਾ ਕਰਜ਼ਾ ਲੈ ਸਕਦੇ ਹੋ, ਇਸ ਬਾਰੇ ਫ਼ੈਸਲਾ ਲੈਣ ਲਗਿਆਂ, ਤੁਹਾਡੀ ਆਮਦਨ ਅਤੇ ਤੁਹਾਡੇ ਘਰ ਦੀ ਕੀਮਤ ਨੂੰ ਧਿਆਨ 'ਚ ਰਖਿਆ ਜਾਏਗਾ। ਆਮ ਤੌਰ 'ਤੇ ਇਹ £3,000 ਤੋਂ ਤੁਹਾਡੇ ਘਰ ਦੀ ਮੌਜੂਦਾ ਕੀਮਤ ਦੀ 30% ਤੱਕ ਹੁੰਦਾ ਹੈ।

ਤੁਹਾਡੇ ਭਲੇ ਲਈ ਸਾਨੂੰ ਸਿਰਫ਼ ਇਸ ਗੱਲ ਨੂੰ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਜੇ ਤੁਸੀਂ ਭੁਗਤਾਨਯੋਗ ਕਰਜ਼ੇ ਦੀ ਚੋਣ ਕਰੋ, ਤਾਂ ਤੁਸੀਂ ਬਿਨਾ ਆਪਣੇ ਆਪ ਨੂੰ ਪਰੇਸ਼ਾਨੀ 'ਚ ਪਾਇਆਂ ਭੁਗਤਾਨ ਕਰ ਸਕੋ।

### ਕੀ ਮੈਨੂੰ ਬੀਮੇ ਦੀ ਲੋੜ ਹੋਏਗੀ?

ਹਾਂ, ਜੇ ਤੁਸੀਂ ਕਰਜ਼ਾ ਲੈਂਦੇ ਹੋ, ਤਾਂ ਤੁਹਾਡੇ ਘਰ ਦਾ ਬਿਲਡਿੰਗ ਬੀਮਾ ਲਾਜ਼ਮੀ ਹੈ।

ਮੂਲ ਧੰਨ ਜਾਰੀ ਕਰਨ ਸਬੰਧੀ ਕਰਜ਼ੇ ਹੇਠ, ਜੇ ਤੁਸੀਂ ਤੁਹਾਨੂੰ ਕਰਜ਼ਾ ਦੇਣ ਵਾਲੇ ਤੋਂ ਅਲਾਵਾ ਕਿਸੇ ਕੰਪਨੀ ਕੋਲ ਬੀਮਾ ਕਰਾਉਂਦੇ ਹੋ, ਤਾਂ ਤੁਹਾਨੂੰ ਸਮਝੌਤੇ ਦੇ ਹਿੱਸੇ ਵਜੋਂ ਬੈਂਕ ਜਾਂ ਬਿਲਡਿੰਗ ਸੁਸਾਇਟੀ ਨੂੰ ਹਰ ਸਾਲ ਐ10 ਦੀ ਪ੍ਰਸ਼ਾਸ਼ਨਿਕ ਫੀਸ ਦੇਣੀ ਹੋ ਸਕਦੀ ਹੈ। ਹੋਰਨਾ ਕਰਜ਼ਿਆ ਲਈ ਜੇ ਬੈਂਕ ਜਾਂ ਬਿਲਡਿੰਗ ਸੁਸਾਇਟੀ ਬੀਮੇ ਦਾ ਪ੍ਰਬੰਧ ਨਹੀਂ ਕਰਦੀ, ਤਾਂ ਉਹ ਐ25 ਦਾ ਇੱਕ ਮੁਸ਼ਤ ਖਰਚ ਲੈ ਸਕਦੇ ਹਨ।

## ਕੀ ਕੋਈ ਡਾੱਕਟਰੀ ਜਾਂਚ ਹੋਏਗੀ?

ਆਮ ਤੌਰ 'ਤੇ ਤੁਹਾਡੀ ਸਿਹਤ ਬਾਰੇ ਕਿਸੇ ਸਬੂਤ ਦੀ ਲੋੜ ਨਹੀਂ ਹੁੰਦੀ; ਪਰ ਫਿਰ ਵੀ 60 ਸਾਲ ਤੋਂ ਹੇਠਾਂ ਵਾਲੇ ਵਿਅਕਤੀਆਂ ਲਈ ਸਾਨੂੰ ਇਸ ਗੱਲ ਦੀ ਪੁਸ਼ਟੀ ਦੀ ਲੋੜ ਹੋਏਗੀ ਕਿ ਘਰ ਵਿਚ ਇਕ ਅਪਾਹਜ ਵਿਅਕਤੀ ਹੈ।

## ਮੈਂ ਅਪਾਹਜ ਸਹੂਲਤਾ ਸਬੰਧੀ ਗ੍ਰਾਂਟ ਦਾ ਹੱਕਦਾਰ ਹਾਂ - ਕੀ ਮੈਂ ਹਾਲੀਂ ਵੀ ਹਾਊਸਪ੍ਰਾਊਡ ਕਰਜ਼ਾ ਲੈ ਸਕਦਾ ਹਾਂ?

ਹਾਂ, ਜੇਕਰ ਤੁਸੀਂ ਅਪਾਹਜ ਸਹੂਲਤਾਂ ਸਬੰਧੀ ਗ੍ਰਾਂਟ ਦੇ ਹੱਕਦਾਰ ਹੋ, ਤਾਂ ਹਾਊਸਪ੍ਰਾਊਡ ਇਸ ਕੰਮ ਲਈ ਤੁਹਾਡੇ ਵਲੋਂ ਦਿੱਤੀ ਜਾਣ ਵਾਲੀ ਲਾਗਤ ਅਤੇ / ਜਾਂ ਗ੍ਰਾਂਟ ਹੇਠ ਨਾ ਆਉਣ ਵਾਲੇ ਵਾਧੂ ਕੰਮ ਲਈ ਭੁਗਤਾਨ ਲਈ ਕਿਸੇ ਮਾਲੀ ਯੋਗਦਾਨ ਨੂੰ ਪੂਰਾ ਕਰਨ ਲਈ ਅਕਸਰ ਮਦਦ ਕਰ ਸਕਦੀ ਹੈ।

## ਉਮਰ ਦੀ ਹੱਦ ਕਿੰਨੀ ਹੈ?

ਜੇ ਤੁਸੀਂ ਇੱਕ ਮੂਲਧੰਨ ਅਤੇ ਵਿਆਜ ਭੁਗਤਾਨ ਕਰਜ਼ਾ ਸਿਰਫ਼ ਵਿਆਜ ਵਾਲਾ ਕਰਜ਼ਾ ਲੈ ਰਹੇ ਹੋ, ਤਾਂ ਤੁਹਾਨੂੰ 60 ਸਾਲ ਜਾਂ ਇਸਤੋਂ ਵੱਧ ਉਮਰ ਦੇ ਹੋਣਾ ਚਾਹੀਦਾ ਹੈ ਜਾਂ ਘਰ ਵਿਚ ਇਕ ਅਪਾਹਜ ਵਿਅਕਤੀ ਹੋਣਾ ਚਾਹੀਦਾ ਹੈ। ਇਸ ਤੋਂ ਵੱਧ ਉਮਰ ਦੇ ਮਕਾਨ ਮਾਲਿਕਾਂ ਆਮ ਤੌਰ 'ਤੇ, ਜੋ 75 ਸਾਲ ਜਾਂ ਵੱਧ ਉਮਰ ਦੇ ਹਨ, ਲਈ ਮੂਲ ਧੰਨ ਜਾਰੀ ਕਰਨ ਸਬੰਧੀ ਕਰਜ਼ਾ ਉਪਲਬੱਧ ਹੈ

## ਕੀ ਕੋਈ ਹੋਰ ਲਾਗਤਾਂ ਹਨ?

ਮੁਲਾਂਕਣ, ਕਾਨੂੰਨੀ ਅਤੇ ਪ੍ਰਸ਼ਾਸ਼ਨਕ ਫ਼ੀਸ ਦੇ ਖ਼ਰਚੇ ਹਨ। ਹਾਊਸਪ੍ਰਾਊਡ ਨੇ ਇਹਨਾਂ ਫ਼ੀਸਾਂ ਨੂੰ ਪੁੱਜਤਯੋਗ ਬਣਾਉਣ ਲਈ ਵਿਸ਼ੇਸ਼ ਗੱਲਬਾਤ ਕੀਤੀ ਹੈ। ਤੁਹਾਨੂੰ ਕਰਜ਼ਾ ਲੈਣ ਲਈ ਫ਼ੈਸਲਾ ਕਰਨ ਤੋਂ ਪਹਿਲਾ, ਇਹਨਾਂ ਫੀਸਾਂ ਬਾਰੇ ਸੂਚਿਤ ਕੀਤਾ ਜਾਏਗਾ। ਤੁਹਾਡੇ 'ਤੇ ਕੋਈ ਫ਼ੀਸ ਨਹੀਂ ਲਗੇਗੀ, ਜਦ ਤਕ ਕਿ ਤੁਸੀਂ ਅਗੇ ਦੀ ਕਰਵਾਈ ਕਰਨ ਦਾ ਫੈਸਲਾ ਨਹੀਂ ਕਰਦੇ - ਅਤੇ ਇਹਨਾ ਨੂੰ ਕਰਜ਼ੇ ਦੀ ਰਕਮ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ, ਤਾਕਿ ਤੁਹਾਨੂੰ ਕਿਸੇ ਕਿਸਮ ਦੀਆਂ ਬੱਚਤਾਂ ਦੀ ਵਰਤੋਂ ਨਾ ਕਰਨੀ ਪਏ। ਹਾਲਾਂਕਿ ਇਹਨਾਂ ਲਾਗਤਾ ਨੂੰ ਪੂਰਾ ਕਰਨ ਲਈ ਮਾਲੀ ਸਹਾਇਤਾ ਉਪਲਬਧ ਹੋ ਸਕਦੀ ਹੈ, ਪਰ ਤੁਹਾਡਾ ਹਾਉਸਪ੍ਰਾਊਡ ਸਲਾਹਕਾਰ, ਤੁਹਾਨੂੰ ਇਸ ਬਾਰੇ ਵਧੇਰੇ ਸੂਚਨਾ ਦੇ ਸਕੇਗਾ।

## ਹਾਊਸਪ੍ਰਾਊਡ ਹੇਠ ਕਿਸ ਤਰ੍ਹਾਂ ਦਾ ਕੰਮ ਕੀਤਾ ਜਾ ਸਕਦਾ ਹੈ?

ਹੇਠਾਂ ਕੁਝ ਉਦਾਹਰਣ ਹਨ :

- ਇਕ ਨਵਾਂ ਗੁਸਲਖਾਨਾ
- ਬਿਜਲੀ ਦੀ ਦੁਬਾਰਾ ਵਾਇਰਿੰਗ
- ਸੈਂਟਰਲ ਹੀਟਿੰਗ
- ਨਵੀਂ ਛਤ
- ਖਿੜਕੀਆ ਅਤੇ ਦਰਵਾਜ਼ਿਆਂ ਨੂੰ ਬਦਲਣਾ
- ਨਵੀਂ ਗਟਰਿੰਗ
- ਪਲੰਬਿੰਗ
- ਨਵੀਂ ਫਿਟਿੰਗ ਵਾਲਾ ਰਸੋਈਘਰ
- ਘਰ ਦੀ ਬਿਹਤਰ ਸੁਰਖਿਆ
- ਜੇ ਤੁਹਾਡੇ ਘਰ 'ਚ ਕੋਈ ਅਪਾਹਿਜ ਵਿਅਕਤੀ ਹੈ, ਤਾਂ ਉਸਦੀ ਮਦਦ ਲਈ ਤਬਦੀਲੀਆਂ
- ਤੁਹਾਡੇ ਘਰ ਦੀ ਊਰਜਾ ਕੁਸ਼ਲਤਾ ਨੂੰ ਬਿਹਤਰ ਬਣਾਉਣਾ

## ਹਾਊਸਪ੍ਰਾਊਡ ਕੀ ਮਦਦ ਦੇ ਸਕਦਾ ਹੈ?

- ਤੁਹਾਡੇ ਆਪਣੇ ਹਾਊਸਪ੍ਰਾਊਡ ਸਲਾਹਕਾਰ ਤੋਂ ਵਿਅਕਤੀਗਤ ਮਦਦ ਅਤੇ ਸਹਾਹਿਤਾ।

- ਇਕ ਸੁੰਤਤਰ ਮਾਲੀ ਸਲਾਹਕਾਰ ਤੋਂ ਮਾਹਿਰ ਸੇਧ

- ਤੁਹਾਡੀ ਜਾਇਦਾਦ ਤਕ ਜਾਣ ਅਤੇ ਇਕ ਸੰਗਠਿਤ ਕਾਰਜ ਸਾਰਣੀ ਸਮੇਤ ਤਕਨੀਕੀ ਸਟਾਫ ਦੀਆਂ ਸੇਵਾਵਾਂ।

- ਚੰਗੇ ਭਰੋਸੇਯੋਗ ਬਿਲਡਰ

- ਉਸਾਰੀ ਦੇ ਕਾਰਜ ਸਹੀ ਮੁਆਇਨਾ। ਬਿਲਡਰ ਨੂੰ ਕੰਮ ਦੇ ਤਸੱਲੀਬਖ਼ਸ ਮਿਆਰ ਵਾਲੀ ਹੋਣ 'ਤੇ ਹੀ ਭੁਗਤਾਨ ਕੀਤਾ ਜਾਏਗਾ।

## ਹੋਰ ਕੁਝ ਜਾਣਨਾ ਚਾਹੁੰਦੇ ਹੋ?

ਨਾਲ ਨੱਥੀ ਭੁਗਤਾਨ ਵਾਲਾ ਕਾਰਡ ਭਰੋ ਜਾਂ ਸਾਡੀ ਫ੍ਰੀ ਫੋਨ ਹੈਲਪਲਾਈਨ **0800 783 7569** 'ਤ ਫ਼ੋਨ ਕਰੋ ਅਤੇ ਅਸੀਂ ਤੁਹਾਨੂੰ ਹਾਊਸਪ੍ਰਾਊਡ ਬਾਰੇ ਇਕ ਮੁਫ਼ਤ ਸੂਚਨਾ ਪੈਕ ਅਤੇ ਵੀਡੀਓ ਭੇਜਾਂਗੇ।

ਕਿਸੇ ਵੀ ਅਰਜ਼ੀਕਰਤਾ ਨਾਲ ਹਾਊਸਪ੍ਰਾਊਡ ਨਾਲ ਕਿਸੇ ਵੀ ਮਾਮਲੇ 'ਚ ਨਸਲ, ਰੰਗ, ਨਸਲੀ ਜਾਂ ਦੇਸ਼ ਦੇ ਮੂਲ, ਲਿੰਗ, ਵਿਆਹੁਤਾ ਕਰਜੇ, ਲੈਂਗਿਕ, ਝੁਕਾਅ, ਉਮਰ ਜਾ ਅਪੰਗਤਾ ਦੇ ਅਧਾਰ 'ਤੇ ਘੱਟ ਅਨੁਕੂਲਤਾ ਵਾਲਾ ਵਿਹਾਰ ਨਹੀਂ ਕੀਤਾ ਜਾਏਗਾ।

ਇਸ ਪੁਸਤਿਕਾ ਨੂੰ ਵਿਆਜ ਦਰਾਂ ਦੇ ਵੱਖਰੇ ਸ਼ਾਮਿਲ ਵੇਰਵਿਆਂ ਨਾਲ ਮਿਲਾ ਕੇ ਪੜ੍ਹਿਆ ਜਾਣਾ ਚਾਹੀਦਾ ਹੈ। ਬੇਨਤੀ 'ਤੇ ਦਰਾਂ ਦਾ ਲਿਖਤੀ ਅਨੁਮਾਨ ਉਪਲਬੱਧ ਹੈ। ਜੇ ਸ਼ਾਮਿਲ ਵੇਰਵੇ ਗੁੰਮ ਹਨ, ਤਾਂ ਕਿਰਪਾ ਕਰਕੇ **0800 783 7569** 'ਤੇ ਫ੍ਰੀ ਫ਼ੋਨ ਕਰੋ।

ਜੇ ਤੁਸੀਂ ਆਪਣੇ ਘਰ ਦੇ ਮੌਰਟਗੇਜ ਜਾਂ ਇਸ 'ਤੇ ਲਏ ਗਏ ਮੁਖ ਕਰਜ਼ਿਆਂ ਬਾਰੇ ਪੂਰਾ ਭੁਗਤਾਨ ਜਾਰੀ ਨਹੀਂ ਰੱਖਦੇ, ਤਾਂ ਤੁਹਾਡੇ ਘਰ ਨੂੰ ਖ਼ਤਰਾ ਹੋ ਸਕਦਾ ਹੈ।